# माँ दे दर ढोल वज्दा

ਮਾਂ ਦੇ ਦਰ ਢੋਲ ਵੱਜਦਾ

ਮਾਂ ਦੇ, ਦਰ ਤੇ, ਅਜ਼ਬ ਨਜ਼ਾਰੇ ।
ਭੇਟਾਂ, ਗਾਉਂਦੇ, ਜਾਵਣ ਸਾਰੇ ॥
ਵਿੱਚ ਭਵਨਾਂ ਦੇ, ਭਗਤ ਮਾਂ ਜਾ ਕੇ ॥, ਉੱਚੀ ਜੈਕਾਰੇ ਲਾਉਣ,
ਮਾਂ ਦੇ ਦਰ, ਢੋਲ ਵੱਜਦਾ ॥, ਭਗਤ ਨੇ ਭੰਗੜੇ ਪਾਉਣ ॥

ਸੋਹਣੀ ਸ਼ੇਰ ਸਵਾਰੀ, ਲੱਗਦੀ ਸਾਨੂੰ ਪਿਆਰੀ ।
ਚਰਨਾਂ 'ਚ, ਗੰਗਾ ਵੱਗਦੀ, ਤੁਸੀਂ ਰੱਜ ਰੱਜ ਲਾਓ ਤਾਰੀ ॥
ਕਰਮਾਂ ਵਾਲੇ, ਆ ਕੇ ਭਗਤੋ ॥, ਮੰਗੀਆਂ ਮੁਰਾਦਾਂ ਪਾਉਣ,
ਮਾਂ ਦੇ ਦਰ, ਢੋਲ ਵੱਜਦਾ ॥, ਭਗਤ ਨੇ ਭੰਗੜੇ ਪਾਉਣ ॥

ਜਗਮਗ, ਜਯੋਤੀ ਜੱਗਦੀ, ਸਾਨੂੰ ਬੜੀ ਪਿਆਰੀ ਲੱਗਦੀ ।
ਹੱਥ, ਤ੍ਰਿਸ਼ੂਲ ਵਿਰਾਜ਼ੇ, ਸੋਹਣੀ ਮਾਲਾ ਗਲ਼ ਵਿੱਚ ਫੱਬਦੀ ॥
ਵਿੱਚ ਗੁਫ਼ਾ ਦੇ, ਲਾਇਆ ਡੇਰਾ ॥, ਸਾਰੇ ਦਰਸ਼ਨ ਪਾਉਣ,
ਮਾਂ ਦੇ ਦਰ, ਢੋਲ ਵੱਜਦਾ ॥, ਭਗਤ ਨੇ, ਭੰਗੜੇ ਪਾਉਣ ॥

ਉੱਚੀਆਂ, ਚੜ੍ਹ ਕੇ ਚੜ੍ਹਾਈਆਂ, ਮਾਂ ਸੰਗਤਾਂ ਦਰ ਤੇ ਆਈਆਂ ।
ਕੈਂਪ ਵਾਲਾ, ਵਿੱਚ ਲਿੱਖਦਾ, ਤੇ ਮਾਨ ਨੇ ਭੇਟਾਂ ਗਾਈਆਂ ॥
ਦੂਰੋਂ ਦੂਰੋਂ ਭਗਤ ਨੇ ਆਉਂਦੇ ॥, ਮਨ ਦੀਆਂ ਰੀਝਾਂ ਲਾਉਣ,
ਮਾਂ ਦੇ ਦਰ, ਢੋਲ ਵੱਜਦਾ ॥, ਭਗਤ ਨੇ, ਭੰਗੜੇ ਪਾਉਣ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33211/title/MAA-DE-DAR-DHOL-VAJJDA

अपने Android मोबाइल पर BhajanGanga App डाउनलोड करें और भजनों का आनंद ले |